# ਮੈਨੂੰ ਕਿਤਨੇ ਫੱਸਟ ਏਡ੍ਜ਼ ਦੀ ਲੋੜ ਹੈ? (How many first aiders do I require?)

ਹੈਲਥ ਐਂਡ ਸੇਫਟੀ (ਫੱਸਟ ਏਡ) ਰੈਗੂਲੇਸ਼ਨਜ 1981 ਇਸ ਨਾਲ ਸਬੰਧਤ ਰੈਗੂਲੇਸ਼ਨਾ ਹਨ। ਰੈਗੂਨੇਸ਼ਨਾ ਸਬੰਧੀ ਇਹ ਗਾਈਡੈਂਸ 'ਫੱਸਟ ਏਡਰ' ਅਤੇ 'ਅਪੁਆਇੰਟਿਡ ਪਰਸਨ' ਵਿਚਲਾ ਫਰਕ ਨਿਸ਼ਚਤ ਕਰਦੀ ਹੈ।

ਕਿਸੇ ਵੀ ਕੰਪਣੀ ਵਿਚ ਫੱਸਟ ਏਡ ਅਮਲੇ ਦੀ ਗਿਣਤੀ ਅਤੇ ਪ੍ਰਕਾਰ ਜਾਇਜ਼ੇ ਉੱਪਰ ਅਧਾਰਤ ਹੁੰਦੀ ਹੈ। ਲੋੜਾਂ ਦਾ ਜਇਜ਼ਾ ਲੈਣ ਵਾਸਤੇ ਮਾਲਕਾਂ ਨੂੰ ਹੇਠ ਲਿਖੀਆਂ ਗੱਲਾਂ ਵਿਚਾਰਨੀਆਂ ਚਾਹੀਦੀਆਂ ਹਨ:

- ਵਰਕਪਲੇਸ ਵਿਚਲੇ ਜ਼ੋਖਮ ਅਤੇ ਸੰਭਾਵੀ ਖਤਰੇ;
- ਸੰਸਥਾ ਦਾ ਆਕਾਰ;
- ਸੰਸਥਾ ਵਿਚ ਹਾਦਸਿਆਂ ਦਾ ਇਤਹਾਸ;
- ਵਰਕਫੋਰਸ ਦੀ ਕਿਸਮ ਅਤੇ ਵੰਡ-ਵੰਡਾਈ;
- ਐਮਰਜੈਂਸੀ ਮੈਡੀਕਲ ਸਰਵਸਿਜ ਤੋਂ ਕੰਮ ਵਾਲੇ ਸਥਾਨ ਦੀ ਦੂਰੀ;
- ਦੂਰੋਂ ਅਤੇ ਇਕੱਲੇ ਆਉਣ ਵਾਲੇ ਕਰਮਚਾਰੀਆਂ ਦੀਆਂ ਆਵਾਜਾਈ ਲੋੜਾਂ;
- ਸਾਂਝੇ ਜਾਂ ਬਹੁ-ਕੰਪਣੀ ਸਥਾਨਾ ਤੇ ਕੰਮ ਕਰਨ ਵਾਲੇ ਕਰਮਚਾਰੀ;
- ਫੱਸਟ ਏਡ੍ਜ਼ ਅਤੇ ਅਪੁਆਇੰਟਿਡ ਪਰਸਨਜ ਦੀਆਂ ਸਾਲਾਨਾ ਛੁੱਟੀਆਂ ਅਤੇ ਹੋਰ ਗੈਰ-ਹਾਜ਼ਰੀਆਂ।

ਰੈਗੂਲੇਸ਼ਨਾ ਅਮਲੇ ਦੀ ਨਿਸ਼ਚਤ ਗਿਣਤੀ ਨਹੀਂ ਦੱਸਦੀਆਂ, ਪਰ ਗਾਈਡੈਂਸ ਫੱਸਟ ਏਡ ਅਮਲੇ ਦੀ ਗਿਣਤੀ ਬਾਰੇ ਸੁਝਾਅ ਜ਼ਰੂਰ ਦਿੰਦੀ ਹੈ:

| **ਸੰਭਾਵੀ-ਖਤਰੇ ਦਾ ਮਾਪਦੰਡ** | **ਕਿਸੇ ਇਕ ਸਥਾਨ ਵਿਚ ਕਰਮਚਾਰੀਆਂ ਦੀ ਗਿਣਤੀ** | **ਫੱਸਟ ਏਡ ਅਮਲੇ ਦੀ ਗਿਣਤੀ ਬਾਰੇ ਸੁਝਾਅ** |
|---|---|---|
| ਘੱਟ ਸੰਭਾਵੀ-ਖਤਰਾ ਜਿਵੇਂ ਕਿ ਦੁਕਾਨਾ, ਦਫਤਰ, ਲਾਈਬ੍ਰੇਰੀਆਂ, 50 ਨਾਲੋਂ ਘੱਟ ਕਰਮਚਾਰੀ, ਘੱਟੋ ਘੱਟ ਇਕ ਅਪੁਆਇੰਟਿਡ ਪਰਸਨ | 50 ਨਾਲੋਂ ਘੱਟ | ਘੱਟੋ ਘੱਟ ਇਕ ਅਪੁਆਇੰਟਿਡ ਪਰਸਨ |
| - | 50 - 100 | ਘੱਟੋ ਘੱਟ ਇਕ ਫੱਸਟ ਏਡਰ |
| - | 100 ਨਾਲੋਂ ਵੱਧ | ਹਰ 100 ਕਰਮਚਾਰੀ ਪਿੱਛੇ ਇਕ ਹੋਰ ਫੱਸਟ ਏਡਰ |
| ਦਰਮਿਆਨਾ ਸੰਭਾਵੀ-ਖਤਰਾ ਜਿਵੇਂ ਕਿ ਲਾਈਟ ਇੰਜਨੀਅਰਿੰਗ ਅਤੇ ਅਸੈਂਬਲੀ ਵਰਕ, ਫੂਡ ਪ੍ਰੋਸੈਸਿੰਗ, ਵੇਅਰਹਾਊਸਿੰਗ, 20 ਨਾਲੋਂ ਘੱਟ ਕਰਮਚਾਰੀ, ਘੱਟੋ ਘੱਟ ਇਕ ਅਪੁਆਇੰਟਿਡ ਪਰਸਨ | 20 ਨਾਲੋਂ ਘੱਟ | ਘੱਟੋ ਘੱਟ ਇਕ ਅਪੁਆਇੰਟਿਡ ਪਰਸਨ |
| - | 20-100 | ਹਰ 50 ਕਰਮਚਾਰੀਆਂ (ਇਸਤੋਂ ਬਾਅਦ ਇਸਦੇ ਹਰ ਅੰਸ਼) ਪਿੱਛੇ ਘੱਟੋ ਘੱਟ ਇਕ ਫੱਸਟ ਏਡਰ |
| - | 100 ਨਾਲੋਂ ਵੱਧ | ਹਰ 100 ਕਰਮਚਾਰੀ ਪਿੱਛੇ ਇਕ ਹੋਰ ਫੱਸਟ ਏਡਰ |
| ਬਹੁਤ ਸੰਭਾਵੀ-ਖਤਰਾ ਜਿਵੇਂ ਕਿ ਕਨਸਟ੍ਰੱਕਸ਼ਨ, | 5 ਨਾਲੋਂ ਘੱਟ | ਘੱਟੋ ਘੱਟ ਇਕ |

| | | |
|---|---|---|
| ਕੈਮੀਕਲ ਮੈਨੂਫੈਕਚਰ, ਖਤਰਨਾਕ ਮਸ਼ੀਨਰੀ ਜਾਂ ਤੇਜ਼ਧਾਰ ਔਜ਼ਾਰਾਂ ਨਾਲ ਘਣਾ ਕੰਮ, 5 ਨਾਲੋਂ ਘੱਟ ਕਰਮਚਾਰੀ, ਘੱਟੋ ਘੱਟ ਇਕ ਅਪੁਆਇੰਟਿਡ ਪਰਸਨ | | ਅਪੁਆਇੰਟਿਡ ਪਰਸਨ |
| - | 5-50 | ਘੱਟੋ ਘੱਟ ਇਕ ਫੱਸਟ ਏਡਰ |
| - | 50 ਨਾਲੋਂ ਵੱਧ | ਹਰ 50 ਕਰਮਚਾਰੀਆਂ ਪਿੱਛੇ ਇਕ ਹੋਰ ਫੱਸਟ ਏਡਰ |

ਉੱਪਰ ਦਿੱਤੇ ਗਏ ਵੇਰਵੇ ਸਿਰਫ ਸੁਝਾਅ ਹੀ ਹਨ - ਉਹ ਪੱਧਰ ਤੇ ਲਕੀਰ ਨਹੀਂ ਹਨ ਅਤੇ ਨਾ ਹੀ ਉਹ ਕਨੂੰਨੀ ਸ਼ਰਤਾਂ ਹਨ। ਤੁਹਾਡੇ ਆਪਣੇ ਹਾਲਤਾਂ ਅਨੁਸਾਰ ਆਪਣੀਆਂ ਫੱਸਟ ਏਡ ਲੋੜਾਂ ਦਾ ਜਾਇਜ਼ਾ ਲੈਣਾ ਤੁਹਾਡੀ ਆਪਣੀ ਜ਼ਿੰਮੇਵਾਰੀ ਹੈ।

**ਸਬੰਧਤ ਪ੍ਰਕਾਸ਼ਨਾਵਾਂ**

- L74, First aid at work, (ISBN 0717610500 – ਐਚਐਸਈ ਬੁਕਸ ਤੋਂ ਉਪਲੱਬਧ ਹੈ)
- First aid at work - free leaflet (ਮੁਫਤ ਲੀਫਲੈੱਟ)